**ਸੈਂਪਲ ਪੇਪਰ ਜਮਾਤ - 10th**

**Session 2018-19**

**ਕੁੱਲ ਅੰਕ:90** | **ਸਮਾਂ:3 ਘੰਟੇ**

**ਭਾਗ – ੳ (ਭੂਗੋਲ)** | ਅੰਕ 30

**1. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ:-**

1. ਧਰਤੀ ਉੱਤੇ ਭਾਰਤ ਦੀ ਕੀ ਸਥਿਤੀ ਹੈ? (1)
2. ਦੇਸ਼ ਦੀਆਂ ਮੁੱਖ ਦੂਨ ਘਾਟੀਆਂ ਦੇ ਨਾਂ ਲਿਖੋ। (1)
3. ਦੇਸ਼ ਵਿੱਚ ਸਰਦੀਆਂ ਵਿੱਚ ਸਭ ਤੋਂ ਘੱਟ ਅਤੇ ਵੱਧ ਤਾਪਮਾਨ ਵਾਲੇ ਸਥਾਨਾਂ ਦੇ ਨਾਂ ਲਿਖੋ? (1)
4. ਦਾਲਾਂ ਦੇ ਉਤਪਾਦਨ ਵਿੱਚ ਭਾਰਤ ਦਾ ਸੰਸਾਰ ਵਿੱਚ ਕਿਹੜਾ ਸਥਾਨ ਹੈ? (1)

**ਖਾਲੀ ਥਾਂਵਾਂ / ਬਹੁ ਵਿਕਲਪੀ ਪ੍ਰਸ਼ਨ**

5. ਖੇਤਰਫਲ ਦੀ ਦ੍ਰਿਸ਼ਟੀ ਤੋਂ ਭਾਰਤ ਦਾ ਸਭ ਤੋਂ ਵੱਡਾ ਰਾਜ _____ ਹੈ। (1)
6. ਕੋਲਾਰ ਖਾਣਾਂ ਹੇਠ ਲਿਖਿਆਂ ਵਿੱਚੋਂ ਕਿਸ ਰਾਜ ਵਿੱਚ ਸਥਿਤ ਹਨ:- (1)

   (ੳ) ਕਰਨਾਟਕ (ਅ) ਉੱਤਰ ਪ੍ਰਦੇਸ਼ (ੲ) ਬਿਹਾਰ (ਸ) ਪੰਜਾਬ (1x6=6)

**II. ਹੇਠ ਲਿਖੇ 6 ਪ੍ਰਸ਼ਨਾਂ ਵਿੱਚੋਂ ਕਿਸੇ 3 ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ:-**

1. ਕੀ ਭਾਰਤ ਇਕ ਉਪਮਹਾਂਦੀਪ ਹੈ? (3)
2. ਮਹਾਨ ਹਿਮਾਲਿਆ ਦੀ ਧਰਾਤਲੀ ਵਿਸ਼ੇਸ਼ਤਾਵਾਂ ਤੇ ਚਾਨਣਾ ਪਾਓ। (3)
3. ਭਾਰਤ ਦੀ ਔਸਤ ਸਲਾਨਾ ਵਰਖਾ ਜ਼ਿਆਦਾ ਤਰ ਸਾਲ ਦੇ ਕੇਵਲ ਚਾਰ ਮਹੀਨਿਆਂ ਵਿੱਚ ਹੀ ਹੁੰਦੀ ਹੈ। ਕਾਰਣ ਦੱਸੋ। (3)
4. ਪੂਰਬੀ ਹਿਮਾਲਿਆ ਖੇਤਰਾਂ ਵਿੱਚ ਕਿਸ ਤਰ੍ਹਾਂ ਦੀ ਬਨਸਪਤੀ ਮਿਲਦੀ ਹੈ? (3)
5. ਦੇਸ਼ ਵਿੱਚ ਪਸ਼ੂ ਧਨ ਦੇ ਵਿਕਾਸ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਦੀ ਵਿਆਖਿਆ ਕਰੋ। (3)
6. ਭਾਰਤ ਵਿੱਚ ਜਨਸੰਖਿਆ ਦੀ ਖੇਤਰੀ ਵੰਡ ਦੀ ਮਹੱਤਵਪੂਰਨ ਵਿਸ਼ੇਸ਼ਤਾਵਾਂ ਕੀ ਹਨ? (3)

(3 x 3=9)

**III. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਦਾ ਉੱਤਰ 120-130 ਸ਼ਬਦਾਂ ਵਿੱਚ ਦਿਓ:-**

ਹਿਮਾਲਿਆ ਅਤੇ ਪ੍ਰਾਇਦੀਪੀ ਪਠਾਰ ਦੇ ਧਰਾਤਲੀ ਲੱਛਣਾਂ ਦੀ ਤੁਲਨਾ ਕਰੋ ਅਤੇ ਅੰਤਰ ਸਪਸ਼ਟ ਕਰੋ। (5)

ਜਾਂ

ਦੇਸ਼ ਵਿੱਚ ਝੋਨੇ (ਚਾਵਲ) ਦੀ ਖੇਤੀ ਦਾ ਵਿਸਥਾਰਪੂਰਵਕ ਵਰਨਣ ਕਰੋ। (1 x 5=5)

IV. **ਹੇਠ ਲਿਖਿਆ ਵਿੱਚੋਂ ਕੋਈ 5 ਸਥਾਨ ਭਾਰਤ ਦੇ ਨਕਸ਼ੇ ਵਿੱਚ ਭਰੋ:-** (5)

1. ਪੁਡੂਚੇਰੀ
2. ਸਤਪੁੜਾ ਪਰਬਤ ਲੜੀ
3. ਬਹੁਤ ਘੱਟ ਵਰਖਾ ਵਾਲਾ ਇੱਕ ਖੇਤਰ
4. ਜਲੋਢ ਮਿੱਟੀ ਦਾ ਇਕ ਖੇਤਰ
5. ਮੈਂਗਰੋਵ ਬਨਸਪਤੀ ਦਾ ਇਕ ਖੇਤਰ
6. ਗੰਨਾ ਉਤਪਾਦਕ ਇੱਕ ਖੇਤਰ
7. ਮੈਗਨੀਜ਼ ਉਤਪਾਦਕ ਇੱਕ ਖੇਤਰ
8. ਸਭ ਤੋਂ ਵੱਧ ਅਬਾਦੀ ਵਾਲਾ ਰਾਜ (1 x 5=5)

## ਭਾਗ -ਅ (ਅਰਥਸਾਸ਼ਤਰ)

**5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ:-**

1 ਪ੍ਰੇਰਿਤ ਨਿਵੇਸ਼ ਦਾ ਕੀ ਅਰਥ ਹੈ। (1)

2 ਕਿੰਨੇ ਵਪਾਰਕ ਬੈਂਕ ਰਾਸ਼ਟਰੀ ਕਰਨ ਕੀਤੇ ਗਏ ਹਨ? (1)

3 "ਭਾਰਤ ਵਿੱਚ ਖੇਤੀ ਰੋਜ਼ਗਾਰ ਦਾ ਮੁੱਖ ਸਾਧਨ ਹੈ।" ਇਸ ਉੱਤੇ ਨੋਟ ਲਿਖੋ। (1)

4 ਲਘੂ ਉਦਯੋਗਾਂ ਦੀ ਇੱਕ ਸਮੱਸਿਆ ਲਿਖੋ। (1)

**ਖਾਲੀ ਥਾਂਵਾਂ/ਬਹੁ ਵਿਕਲਪੀ ਪ੍ਰਸ਼ਨ**

5 ਸਰਕਾਰ ਦੀ ਸਲਾਨਾ ਆਮਦਨ ਅਤੇ ਖਰਚ ਦੇ ਬਿਓਰੇ ਨੂੰ------ ਕਿਹਾ ਜਾਂਦਾ ਹੈ। (1)

6 ਹਰੀ ਕ੍ਰਾਂਤੀ ਵਿੱਚ ਕਿਹੜੀ ਫਸਲ ਦਾ ਉਤਪਾਦਨ ਸਭ ਤੋਂ ਜਿਆਦਾ ਵਧ ਗਿਆ? (1)

1.ਕਣਕ 2. ਮੱਕੀ 3. ਬਾਜਰਾ 4.ਤੇਲ ਬੀਜ (1 x 6=6)

**6. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਦੇ ਉੱਤਰ ਦਿਓ:-**

1. ਘਾਟੇ ਦੀ ਵਿੱਤ ਵਿਵਸਥਾ ਦੀ ਪ੍ਰੀਭਾਸ਼ਾ ਦਿਓ। ਇਸਦੇ ਅਧੀਨ ਕਿਹੜੇ ਤਰੀਕਿਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ? (3)
2. ਉਪਭੋਗਤਾ ਦੇ ਸ਼ੋਸ਼ਣ ਤੋਂ ਕੀ ਭਾਵ ਹੈ? ਉਪਭੋਗਤਾ ਸੰਰਖਣ ਦੇ ਮੂੱਖ ਉਪਾਅ ਦੱਸੋ। (3)
3. ਹਰੀ ਕ੍ਰਾਂਤੀ ਦੀ ਸਫਲਤਾ ਲਈ ਮੁੱਖ ਤੱਤਾਂ ਬਾਰੇ ਲਿਖੋ। (3)
4. ਭਾਰਤ ਵਿੱਚ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੇ ਯੋਗਦਾਨ ਬਾਰੇ ਸੰਖੇਪ ਨੋਟ ਲਿਖੋ। (3)
5. ਸਰਵਜਨਕ ਕਰਜੇ ਦਾ ਕੀ ਅਰਥ ਹੈ? ਸਾਰਵਜਨਕ ਕਰਜੇ ਕਿੰਨੀ ਤਰ੍ਹਾਂ ਦੇ ਹੁੰਦੇ ਹਨ? (3)

(3 x 3=9)

**7. ਹੇਠ ਲਿਖਿਆਂ ਵਿੱਚ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਵਿਸਤਾਰ ਪੂਰਵਕ ਦਿਓ:-** (5)

ਭਾਰਤ ਵਿੱਚ ਤੇਜ਼ ਅਤੇ ਸੰਤੁਲਿਤ ਉਦਯੋਗੀਕਰਨ ਦੀ ਲੋੜ ਦੇ ਕਾਰਨਾਂ ਦਾ ਵਰਨਣ ਕਰੋ?

ਜਾਂ

ਉਪਭੋਗ ਤੋਂ ਕੀ ਭਾਵ ਹੈ? ਔਸਤ ਉਪਭੋਗ ਪਰਿਵਿਰਤੀ ਅਤੇ ਸਿਮਾਂਤ ਉਪਭੋਗ ਪ੍ਰਵਿਰਤੀ ਦੀ ਪਰਿਭਾਸ਼ਾ ਦਿਓ। (5 x 1=5)

## ਭਾਗ ੲ (ਇਤਿਹਾਸ)

**8. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ:-**

1. ਭਾਰਤ ਦੀ ਵੰਡ ਹੋਣ 'ਤੇ 'ਪੰਜਾਬ' ਸ਼ਬਦ ਕਿਉਂ ਅਢੁਕਵਾਂ ਬਣਿਆ? (1)
2. ਗੁਰੂ ਨਾਨਕ ਦੇਵ ਜੀ ਨੇ ਗਿਆਨ ਪ੍ਰਾਪਤੀ ਤੋਂ ਬਾਅਦ ਕੀ ਸ਼ਬਦ ਕਹੇ ਅਤੇ ਇਸ ਦਾ ਕੀ ਭਾਵ ਸੀ? (1)
3 ਗੁਰੂ ਅੰਗਦ ਦੇਵ ਰਾਹੀਂ ਅਖਾੜੇ ਦੀ ਸਥਾਪਨਾ ਬਾਰੇ ਲਿਖੋ। (1)
4. ਗਊਆਂ ਸਬੰਧੀ ਝਗੜੇ ਬਾਰੇ ਜਾਣਕਾਰੀ ਦਿਓ। (1)

ਖਾਲੀ ਥਾਂਵਾਂ /ਬਹੁ ਵਿਕਲਪੀ ਪ੍ਰਸ਼ਨ

5. ਖਾਲਸਾ ਦੀ ਸਥਾਪਨਾ ------ ਵਿਖੇ ਕੀਤੀ ਗਈ। (1)
6. ਜਲਿਆਂਵਾਲਾ ਬਾਗ ਦੀ ਘਟਨਾ ਕਦੋਂ ਘਟੀ? (1)

(ੳ) 13 ਅਪ੍ਰੈਲ 1921 (ਅ) 13 ਮਾਰਚ 1920 (ੲ) 13 ਅਪ੍ਰੈਲ 1919 (ਸ)ਇਹਨਾਂ ਵਿੱਚੋਂ ਕੋਈ ਨਹੀਂ (1 x 6=6)

**9. ਹੇਠ ਲਿਖੇ 6 ਪ੍ਰਸ਼ਨਾਂ ਵਿੱਚੋਂ ਕਿਸੇ 3 ਦਾ ਉੱਤਰ 50-60 ਸ਼ਬਦਾਂ ਵਿੱਚ ਦਿਓ?**

1. ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਉਦਾਸੀ ਮੱਤ ਨਾਲੋਂ ਕਿਵੇਂ ਨਿਖੇੜਿਆ? (3)
2. ਭੰਗਾਣੀ ਦੀ ਲੜਾਈ ਦੇ ਕੀ ਕਾਰਨ ਸਨ? (3)
3. ਬੰਦਾ ਸਿੰਘ ਬਹਾਦਰ ਦੀ ਸਮਾਣੇ ਦੀ ਜਿੱਤ 'ਤੇ ਨੋਟ ਲਿਖੋ। (3)
4. ਸ਼ਿਕਾਰਪੁਰ ਦਾ ਪ੍ਰਸ਼ਨ ਕੀ ਸੀ? (3)
5. ਭੈਰੋਵਾਲ ਸੰਧੀ ਦੀਆਂ ਕੋਈ ਚਾਰ ਧਾਰਾਵਾਂ ਦਿਉ। (3)
6. ਬਾਬਾ ਗੁਰਦਿੱਤ ਸਿੰਘ ਨੇ ਕਨੇਡਾ ਜਾਣ ਵਾਲੇ ਲੋਕਾਂ ਲਈ ਕੀ ਕੀ ਕੰਮ ਕੀਤੇ? (3)

(3 x 3=9)

**10. ਹੇਠ ਲਿਖਿਆਂ ਵਿੱਚ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਵਿਸਤਾਰ ਪੂਰਵਕ ਦਿਓ:-**

ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦੇ ਸਬੰਧਾਂ (1809 ਈ.-1939 ਈ.) ਦਾ ਵਰਨਣ ਕਰੋ। (5)

ਜਾਂ

ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਲੋਧੀ ਦੇ ਸਮੇਂ ਦਾ ਵਰਨਣ ਕਰੋ। (5 x 1=5)

11 ਹੇਠ ਲਿਖਿਆਂ ਵਿੱਚੋਂ ਕੋਈ 5 ਸਥਾਨ ਪੰਜਾਬ ਦੇ ਨਕਸ਼ੇ ਵਿੱਚ ਭਰੋ:-

1. ਗੁਰਦਾਸ ਨੰਗਲ (1)
2. ਸਭਰਾਓਂ (1)
3. ਮੁਲਤਾਨ (1)
4. ਤਰਨਤਾਰਨ (1)
5. ਰਾਮਨਗਰ (1)
6. ਸ਼ਾਹੀ ਟਿੱਬੀ (1)
7. ਸਮਾਣਾ (1)
8. ਨਾਦੌਣ (1)

(1 x 5=5)

## ਨਾਗਰਿਕ ਸ਼ਾਸਤਰ

**12. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ:-**

1. ਸੰਘਾਤਮਕ ਸੰਵਿਧਾਨ ਤੋਂ ਤੁਹਾਡਾ ਕੀ ਭਾਵ ਹੈ? (1)
2. ਅਵਿਸ਼ਵਾਸ਼ ਪ੍ਰਸਤਾਵ ਤੋਂ ਤੁਹਾਡਾ ਕੀ ਭਾਵ ਹੈ? (1)
3. ਮੁੱਖ ਮੰਤਰੀ ਦੀ ਨਿਯੁਕਤੀ ਕਿਵੇਂ ਅਤੇ ਕਿਸ ਦੁਆਰਾ ਕੀਤੀ ਜਾਂਦੀ ਹੈ? (1)
4. ਸਵਸਥ ਲੋਕਮਤ ਲਈ ਕੀ ਰੁਕਾਵਟਾਂ ਹੁੰਦੀਆਂ ਹਨ? (1)

ਖਾਲੀ ਥਾਂਵਾਂ / ਬਹੁ ਵਿਕਲਪੀ ਪ੍ਰਸ਼ਨ

5. ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ _______ ਈ. ਵਿੱਚ ਹੋਈ। (1)
6. ਹਾਈ ਕੋਰਟ ਦੇ ਜੱਜ ਕਿੰਨੇ ਸਾਲ ਦੀ ਉਮਰ ਤੱਕ ਆਪਣੇ ਅਹੁੱਦੇ ਤੇ ਰਹਿੰਦੇ ਹਨ? (1)

   (ੳ) 60 (ਅ) 62 (ੲ) 65 (ਸ) 70 (1 x 6=6)

**13. ਹੇਠ ਲਿਖੇ 5 ਪ੍ਰਸ਼ਨਾਂ ਵਿੱਚੋਂ ਕਿਸੇ 3 ਦਾ ਉੱਤਰ 50-60 ਸ਼ਬਦਾਂ ਵਿੱਚ ਦਿਓ?**

1. ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਤਾਂ ਦਾ ਕੀ ਮਹੱਤਵ ਹੈ? (3)
2. ਭਾਰਤ ਦੇ ਉਪਰਾਸ਼ਟਰਪਤੀ ਦੇ ਅਹੁਦੇ ਦਾ ਸੰਖੇਪ ਵੇਰਵਾ ਦਿਓ। (3)
3. ਰਾਜ ਦੇ ਰਾਜਪਾਲ ਦੀਆਂ ਪ੍ਰਸ਼ਾਸ਼ਨਿਕ ਸ਼ਕਤੀਆਂ ਦਾ ਵੇਰਵਾ ਦਿਓ। (3)
4. ਭਾਰਤੀ ਚੋਣ ਆਯੋਗ ਦਾ ਸੰਗਠਨ ਅਤੇ ਕਾਰਜ ਦੱਸੋ। (3)
5. ਭਾਰਤ-ਪਾਕ ਸੰਬੰਧ ਅਤੇ ਇਹਨਾਂ ਵਿੱਚ ਤਨਾਅ ਦੇ ਮੁੱਖ ਕਾਰਨਾਂ ਬਾਰੇ ਸੰਖੇਪ ਨੋਟ ਲਿਖੋ। (3)

14. **ਹੇਠ ਲਿਖਿਆਂ ਵਿੱਚ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਵਿਸਤਾਰ ਪੂਰਵਕ ਦਿਓ:-**

ਸੁਪਰੀਮ ਕੋਰਟ ਦੇ ਮੁੱਢਲੇ ਅਧਿਕਾਰ ਖੇਤਰ ਦਾ ਵਰਨਣ ਕਰੋ। (5)

ਜਾਂ

ਸੰਯੁਕਤ ਰਾਸ਼ਟਰ ਵਿੱਚ ਭਾਰਤ ਦੀ ਭੂਮਿਕਾ ਦਾ ਸੰਖੇਪ ਵਰਨਣ ਕਰੋ। (5 x 1=5)